PSPCL Punjab State Power Corporation Limited

O/O Addl.SE/DS Divn PSPCL Anandpur Sahib Road,Garhshankar-144527
Ph No.01884-282398 E-Mail:Xen_gsr@Yahoo.com

ਵੱਲ:

1. ਸਾਰੇ ਪ੍ਰਮੁੱਖ/ਮੁੱਖ ਇੰਜ:,ਪੰ:ਸ:ਪਾ:ਕਾ:ਲਿਮ:ਅਤੇ ਬੀ.ਈ.ਐਮ.ਬੀ.
2. ਏ.ਡੀ.ਜੀ.ਪੀ./ਵੀ.ਏ ਐਸ,ਪੰ:ਸ:ਪਾ:ਕਾ:ਲਿਮ:,ਪਟਿਆਲਾ।
3. ਮੁੱਖ ਪੜਤਾਲਕਾਰ/ਸਾਰੇ ਮੁੱਖ ਲੇਖਾ ਅਫ਼ਸਰ/ਵਿੱਤ ਸਲਾਹਕਾਰ।
4. ਸਾਰੇ ਉਪ ਮੁੱਖ ਇੰਜ:/ਨਿਗਰਾਨ ਇੰਜੀਨੀਅਰ,ਪੰ:ਸ:ਪਾ:ਕਾ:ਲਿਮ:
5. ਸਾਰੇ ਉਪ ਮੁੱਖ ਪੜਤਾਲਕਾਰ/ਸਾਰੇ ਉਪ ਮੁੱਖ ਲੇਖਾ ਅਫ਼ਸਰ ਉਪ ਵਿੱਤ ਸਲਾਹਕਾਰ।
6. ਸਾਰੇ ਉਪ ਸਕੱਤਰ/ਅਧੀਨ ਸਕੱਤਰ/ਹੈਡ ਆਫ ਸੈਕਸ਼ਨ,ਪੰ:ਸ:ਪਾ:ਕਾ:ਲਿਮ:ਪਟਿਆਲਾ
7. ਸਾਰੇ ਸੀਨੀ.ਕਾ:ਕਾ:ਇੰਜੀ:/ਸਥਾਨਿਕ ਇੰਜੀ:ਉਪ ਮੰਡਲ ਅਫ਼ਸਰ,ਪੰ:ਸ:ਪਾ:ਕਾ:ਲਿਮ ਪਟਿਆਲਾ।

ਪੱਤਰ ਨੰਬਰ: /
ਮਿਤੀ:

ਵਿਸ਼ਾ: **ਸੇਵਾ ਪੱਤਰੀ ਗੁੰਮ ਹੋਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰੇਮ ਸਾਗਰ ਪੁੱਤਰ ਸ੍ਰੀ ਚੂਹੜ ਰਾਮ ਜੋ ਵੰਡ ਉਪ ਮੰਡਲ ਸੜੋਆ ਅਧੀਨ ਵੰਡ ਮੰਡਲ ਪਾਵਰਕਾਮ ਗੜ੍ਹਸ਼ੰਕਰ ਵਿਖੇ ਬਤੌਰ ਸ.ਲ.ਮ ਤੈਨਾਤ ਸੀ। ਇਹ ਕਰਮਚਾਰੀ 58 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 31-05-15 ਨੂੰ ਪਾਵਰਕਾਮ ਦੀ ਸੇਵਾ ਤੋਂ ਰਿਟਾਇਰ ਹੋ ਚੁੱਕਾ ਹੈ।

ਇਸ ਲਈ ਇਸ ਕਰਮਚਾਰੀ ਦੀ ਸੇਵਾ ਪੱਤਰੀ (ਰੈਗੂਲਰ) ਅਤੇ ਵਰਕਚਾਰਜ਼ ਦੋਨੋ ਹੀ ਇਸ ਦਫ਼ਤਰ ਦੇ ਮੀਮੋ ਨੰਬਰ 9000 ਮਿਤੀ 11-08-15 ਨਾਲ ਇਸ ਦਫ਼ਤਰ ਦੇ ਕਰਮਚਾਰੀ ਸ੍ਰੀ ਰੂਪ ਲਾਲ ਰਾਹੀਂ ਹੱਥ ਦਸਤੀ ਮੁੱਖ ਲੇਖਾ ਅਫ਼ਸਰ,ਈ.ਏ.ਡੀ.ਭਾਗ ਪਾਵਰਕਾਮ ਪਟਿਆਲਾ ਦੇ ਦਫ਼ਤਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਗਈ ਸੀ। ਪਰ ਹੁਣ ਇਸ ਕਰਮਚਾਰੀ ਦੀ ਸਰਵਿਸ ਬੁੱਕ (ਰੈਗੂਲਰ ਅਤੇ ਵਰਕਚਾਰਜ਼ ਸਮੇਂ ਦੀ),ਨਾ ਹੀ ਲੇਖਾ ਅਫ਼ਸਰ, ਈ.ਏ.ਡੀ ਭਾਗ ਪਟਿਆਲਾ ਦੇ ਦਫ਼ਤਰ ਵਿਖੇ ਮਿਲ ਰਹੀ ਹੈ ਅਤੇ ਨਾ ਹੀ ਇਸ ਦਫ਼ਤਰ ਵਿਖੇ ਭਾਲ ਕਰਨ ਉਪਰੰਤ ਹੀ ਪ੍ਰਾਪਤ ਹੋਈ ਹੈ।

ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਆਪਣੇ-2 ਦਫ਼ਤਰ ਦਾ ਰਿਕਾਰਡ ਚੈਕ ਕਰਵਾ ਲਿਆ ਜਾਵੇ ਜੀ। ਜੇਕਰ ਉਪਰੋਕਤ ਕਰਮਚਾਰੀ ਦੀ ਸੇਵਾਪੱਤਰੀ ਆਪ ਜੀ ਦੇ ਦਫ਼ਤਰ ਵਿਖੇ ਮਿਲ ਜਾਂਦੀ ਹੈ ਤਾਂ ਤੁਰੰਤ ਇਸ ਦਫ਼ਤਰ ਵਿੱਚ ਸੂਚਿਤ ਕਰ ਦਿੱਤਾ ਜਾਵੇ ਜੀ ਕਿਉਂਕਿ ਇਸ ਕਰਮਚਾਰੀ ਦੀ ਸੇਵਾਪੱਤਰੀ ਗੁੰਮ ਹੋਣ ਕਾਰਨ ਇਸ ਕਰਮਚਾਰੀ ਦਾ ਪੈਨਸ਼ਨ ਕੇਸ ਪੈਡਿੰਗ ਚਲਿਆ ਆ ਰਿਹਾ ਹੈ ਜੀ।

ਇਸ ਦਫ਼ਤਰ ਦਾ ਫੋਨ ਨੰਬਰ 01884-282398
ਇਸ ਦਫ਼ਤਰ ਦੀ E-Mail:Xen_gsr@Yahoo.com

ਵਧੀਕ ਨਿਗਰਾਨ ਇੰਜੀਨੀਅਰ,
ਪਾਵਰਕਾਮ ਵੰਡ ਮੰਡਲ ਗੜ੍ਹਸ਼ੰਕਰ।

ਪਿੱਠ ਅੰਕਣ ਨੰ: 13159 ਮਿਤੀ: 26-11-15

ਉਪਰੋਕਤ ਦਾ ਉਤਾਰਾ ਉਪ ਮੁੱਖ ਇੰਜੀਨੀਅਰ,ਆਈ.ਟੀ.ਭਾਗ ਪਾਵਰਕਾਮ ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਨੂੰ ਪਾਵਰਕਾਮ ਦੀ ਵੈਬਸਾਈਟ ਤੇ ਤੁਰੰਤ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਧੀਕ ਨਿਗਰਾਨ ਇੰਜੀਨੀਅਰ,
ਪਾਵਰਕਾਮ ਵੰਡ ਮੰਡਲ ਗੜ੍ਹਸ਼ੰਕਰ।